# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 08 ਜੂਨ 2024 ਦਿਨ ਸ਼ਨੀਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## 10ਵੀਂ ਵਰਲਡ ਪੰਜਾਬੀ ਕਾਨਫ਼ਰੰਸ ਦੀਆ ਤਿਆਰੀਆਂ ਮੁਕੰਮਲ

### ਵਿਸ਼ਾ ਹੋਏਗਾ 'ਪੰਜਾਬੀ ਭਾਸ਼ਾ ਦਾ ਭਵਿੱਖ ਤੇ ਪੰਜਾਬੀ ਨਾਇਕ'

ਵਰਲਡ ਪੰਜਾਬੀ ਟਾਈਮਜ਼ ਹਰਦੇਵ ਚੌਹਾਨ

ਕੈਨੇਡਾ 8 ਜੂਨ : ਉਨਟਾਰੀਓ ਫ੍ਰੈਂਡਜ ਕਲੱਬ ਵਲੋਂ 5 , 6 ਤੇ 7 ਜੁਲਾਈ 2024 ਕਰਵਾਈ ਜਾਣ ਵਾਲੀ ਵਰਲਡ ਪੰਜਾਬੀ ਕਾਨਫਰੰਸ ਦੇ ਪ੍ਰਬੰਧਾਂ ਲਈ ਅੱਜ ਡਾਕਟਰ ਸੰਤੋਖ ਸਿੰਘ ਸੰਧੂ, ਪ੍ਰਧਾਨ ਓ. ਐਫ. ਸੀ. ਬਰੈਂਪਟਨ ਦੀ ਪ੍ਰਧਾਨਗੀ ਹੇਠ ਹੰਗਾਮੀ ਮੀਟਿੰਗ ਹੋਈ ਜਿਸ ਵਿੱਚ ਓ. ਐਫ. ਸੀ. ਤੇ ਜਗਤ ਪੰਜਾਬੀ ਸਭਾ ਦੇ ਮੈਂਬਰਾਂ ਨੇ ਹਿਸਾ ਲਿਆ। ਹਰੇਕ ਮੈਂਬਰ ਨੇ ਕਾਨਫ਼ਰੰਸ ਦੀ ਕਾਮਯਾਬੀ ਲਈ ਸਲਾਹ ਮਸ਼ਵਰਾ ਕੀਤਾ ਤੇ ਸਹਿਯੋਗ ਦੇਣ ਦਾ ਵਿਸ਼ਵਾਸ ਦਿੱਤਾ। ਡਾਕਟਰ ਰਮਨੀ ਬਤਰਾ ਨੇ ਦੱਸਿਆ ਕਿ ਹਾਜ਼ਰ ਹੋਣ ਵਾਲੇ ਕਈ ਬੁੱਧੀਜੀਵੀਆਂ ਦੇ ਖੋਜ ਪੱਤਰਾਂ ਦੇ ਸਾਰੰਸ਼ ਪਹੁੰਚ ਚੁੱਕੇ ਹਨ। ਕਾਨਫ਼ਰੰਸ ਤੋਂ ਪਹਿਲਾ ਪ੍ਰਾਪਤ ਹੋਣ ਵਾਲੇ ਸਾਰੇ ਅਬਸਟਰੈਕਟ ( ਸਾਰੰਸ਼ ) ਇੱਕ ਖੂਬਸੂਰਤ ਜਿਲਦ ਵਿੱਚ ਛਾਪੇ ਜਾਣਗੇ।




ਸਰਦੂਲ ਸਿੰਘ ਥਿਆੜਾ ਨੇ ਦੱਸਿਆ ਕਿ ਪੰਜਾਬੀ ਪਿਆਰਿਆਂ, ਸਾਹਿਤਕਾਰਾਂ ਬੁੱਧੀਜੀਵੀਆਂ ਅਤੇ ਬਹੁਤ ਸਾਰੀਆਂ ਰਾਜਨੀਤਕ ਤੇ ਧਾਰਮਿਕ ਸਖਸ਼ੀਅਤਾਂ ਨੂੰ ਸੱਦਾ ਪੱਤਰ ਦਿਤੇ ਜਾ ਰਹੇ ਹਨ।
ਓਨਾਂ ਵਿੱਚੋਂ ਭਰਵੀਂ ਗਿਣਤੀ 'ਚ ਸ਼ਾਮਲ ਹੋਣ ਵਾਲੀਆਂ ਸ਼ਖਸ਼ੀਅਤਾਂ ਨੇ ਸਹਿਮਤੀ ਦੇ ਦਿਤੀ ਹੈ ਅਤੇ ਕਈਆਂ ਦੀ ਸਹਿਮਤੀ ਦੀ ਉਡੀਕ ਹੈ। ਦੇਸ਼ਾਂ, ਵਿਦੇਸ਼ਾਂ ਦੇ ਕਈ ਨੇਤਾ ਵੀ ਇਸ ਕਾਨਫਰੰਸ ਵਿੱਚ ਸ਼ਾਮਲ ਹੋਣ ਆ ਰਹੇ ਹਨ।
ਖਾਣ, ਪਕਵਾਨ ਦਾ ਪ੍ਰਬੰਧ ਗੁਰਚਰਨ ਸਿੰਘ ਤੇ ਪ੍ਰਭਜੋਤ ਕੌਰ ਸੰਧੂ ਕਰਨਗੇ।
ਅਜੈਬ ਸਿੰਘ ਚੱਠਾ ਨੇ ਦੱਸਿਆ ਕਿ ਬਰੈਂਪਟਨ ਸਿਟੀ ਵੱਲੋਂ ਵੀ ਇਸ ਕਾਨਫਰੰਸ ਨੂੰ ਸਫਲ ਬਣਾਉਣ ਸਬੰਧੀ ਸੰਪੂਰਨ ਸਹਿਯੋਗ ਮਿਲਣ ਦੀ ਉਮੀਦ ਹੈ। ਡਿਪਟੀ ਮੇਅਰ ਹਰਕੀਰਤ ਸਿੰਘ ਨੇ ਇਸ ਕਾਨਫਰੰਸ 'ਚ ਆਉਣਾ ਸਵੀਕਾਰ ਕਰ ਲਿਆ ਹੈ।
ਕਾਨਫਰੰਸ 'ਚ ਸ਼ਾਮਲ ਹੋਣ ਵਾਲੇ ਵਿਦਵਾਨਾਂ ਅਤੇ ਮਹਿਮਾਨਾਂ ਦੇ
ਰਹਿਣ, ਠਹਿਰਾਉਣ ਦੀ ਦੇਖਭਾਲ ਡਾਕਟਰ ਸੰਤੋਖ ਸਿੰਘ ਸੰਧੂ ਪ੍ਰਧਾਨ, ਉਨਟਾਰੀਓ ਫ੍ਰੈਂਡਜ ਕਲੱਬ ਕਰਨਗੇ।
ਸੰਜੀਤ ਸਿੰਘ ਨੇ ਦੱਸਿਆ ਕਿ ਵਿਸ਼ਵ ਭਰ ਚੋਂ ਉੱਘੀਆਂ ਪੰਜ ਪੰਜਾਬੀ ਸ਼ਖਸੀਅਤਾਂ ਦੀ ਸ਼ਨਾਖਤ ਕੀਤੀ ਜਾ ਰਹੀ ਹੈ ਜਿਨਾਂ ਨੂੰ ਕਾਨਫਰੰਸ ਵਿਚ ਸਨਮਾਨਿਤ ਕੀਤਾ ਜਾਵੇਗਾ।
ਅਮਰ ਸਿੰਘ ਭੁੱਲਰ ਸਰਪ੍ਰਸਤ ਵਰਲਡ ਪੰਜਾਬੀ ਕਾਨਫਰੰਸ ਨੇ ਦੱਸਿਆ ਕਿ ਕਾਨਫਰੰਸ ਦੀ ਸਾਰੀ ਕਰਵਾਈ ਸੰਸਾਰ ਭਰ ਵਿੱਚ ਔਨਲਾਈਨ ਦਿਖਾਈ ਜਾਵੇਗੀ।
ਤਾਹਿਰ ਅਸਲਮ ਗੋਰਾ ਨੇ ਦੱਸਿਆ ਕਿ ਬਹੁਤ ਸਾਰੇ ਵੱਡੇ ਤੇ ਮਕਬੂਲ ਵਿਦਵਾਨ
ਕਾਨਫਰੰਸ ਵਿਚ ਭਰਵਾਂ ਹਿਸਾ ਲੈਣਗੇ। ਇਸ ਦੌਰਾਨ ਸਹੀ ਪੰਜਾਬੀ ਨਾਇਕਾਂ ਦੀ ਸ਼ਨਾਖਤ ਕੀਤੀ ਜਾਵੇਗੀ। ਪੰਜਾਬੀਅਤ ਤੇ ਪੰਜਾਬੀ ਭਾਸ਼ਾ ਦੇ ਭਵਿੱਖ ਬਾਰੇ ਵਿਚਾਰਾਂ ਹੋਣਗੀਆਂ। ਉਹਨਾਂ ਦੱਸਿਆ ਕਿ ਸਾਡੀਆਂ ਪਹਿਲੀਆਂ ਨੌਂ ਕਾਨਫਰੰਸਾਂ ਵਾਂਗ 10ਵੀਂ ਵਰਲਡ ਪੰਜਾਬੀ ਕਾਨਫਰੰਸ ਵੀ ਕਾਮਯਾਬ ਰਹੇਗੀ।

## ਅੰਦਲੀਬ ਔਜਲਾ ਨੇ ਵੰਡੇ ਬੂਟੇ, 11000 ਬੂਟੇ ਲਗਾਉਣ ਦਾ ਟੀਚਾ

ਵਰਲਡ ਪੰਜਾਬੀ ਟਾਈਮਜ਼ ਅੰਜੂ ਅਮਨਦੀਪ ਗਰੋਵਰ

ਅੰਮ੍ਰਿਤਸਰ, 8 ਜੂਨ : ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਦੀ ਪਤਨੀ ਅੰਦਲੀਬ ਰਾਏ ਔਜਲਾ ਨੇ ਅੱਜ ਬੂਟੇ ਵੰਡਣ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ। ਉਸਨੇ ਇਸਦੀ ਸ਼ੁਰੂਆਤ ਆਪਣੇ ਘਰ ਤੋਂ ਆਪਣੇ ਦੋਸਤਾਂ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਕੀਤੀ। ਆਪਣੇ ਦੋਸਤਾਂ ਨੂੰ ਬੂਟੇ ਵੰਡਦੇ ਹੋਏ ਅੰਦਲੀਬ ਅੱਜਲਾ ਨੇ ਦੱਸਿਆ ਕਿ ਭਲਕੇ ਵਾਤਾਵਰਨ ਦਿਵਸ ਦੇ ਮੱਦੇਨਜ਼ਰ ਅੱਜ ਇਹ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਦਾ ਮਕਸਦ ਸਿਰਫ ਵਾਤਾਵਰਣ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨਾ ਹੈ। ਉਨ੍ਹਾਂਕਿਹਾ ਕਿ ਉਨ੍ਹਾਂ ਦਾ ਟੀਚਾ 11000 ਬੂਟੇ ਵੰਡਣ ਦਾ ਹੈ ਜਿਸ ਲਈ ਜਲਦੀ ਹੀ ਹੈਲਪਲਾਈਨ ਨੰਬਰ ਜਾਰੀ ਕੀਤਾ ਜਾਵੇਗਾ। ਜਿੱਥੇ ਮਿਸਡ ਕਾਲ ਕਰਕੇ ਪੌਦੇ ਪ੍ਰਾਪਤ ਕੀਤੇ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਅੱਜ ਵਾਤਾਵਰਨ ਦੀ ਸੰਭਾਲ ਕਰਨ ਦੀ ਲੋੜ ਹੈ ਅਤੇ ਹਰ ਛੋਟਾ-ਵੱਡਾ ਉਪਰਾਲਾ ਬਹੁਤ ਸਹਾਈ ਹੋ ਸਕਦਾ ਹੈ, ,



ਇਸ ਲਈ ਜ਼ਰੂਰੀ ਹੈ ਕਿ ਘੱਟੋ-ਘੱਟ ਇੱਕ ਬੂਟਾ ਜ਼ਰੂਰ ਲਗਾਇਆ ਜਾਵੇ ਜੋ ਆਉਣ ਵਾਲੇ ਸਾਲਾਂ ਵਿੱਚ ਰੁੱਖ ਬਣ ਜਾਵੇ ਅਤੇ ਫਿਰ ਤੁਸੀਂ ਖੁਦ ਜੀਅ ਸਕਦੇ ਹੋ, ਇਸਦੀ ਛਾਂ ਹੇਠ ਦਿਲਾਸਾ ਲਓ ਅਤੇ ਹੋਰ ਲੋਕਾਂ ਨੂੰ ਦਿਓ। ਉਨ੍ਹਾਂ ਕਿਹਾ ਕਿ ਅੱਜ ਤਾਪਮਾਨ 50 ਡਿਗਰੀ ਨੂੰ ਪਾਰ ਕਰ ਰਿਹਾ ਹੈ, ਜਿਸ ਨੂੰ ਰੁੱਖ ਲਗਾ ਕੇ ਹਰਿਆਲੀ ਲਿਆ ਕੇ ਹੀ ਘਟਾਇਆ ਜਾ ਸਕਦਾ ਹੈ, ਇਸ ਲਈ ਰੁੱਖ ਲਗਾਓ ਅਤੇ
ਜੀਵਨ ਬਚਾਓ। ਇਸ ਮੌਕੇ ਉਨ੍ਹਾਂ ਨਾਲ ਸਾਂਝੀ ਛਾਂ ਦੇ ਪ੍ਰਧਾਨ ਕਵਲਜੀਤ ਸਿੰਘ ਲਾਲੀ ਤੇ ਮੁੱਖ ਅਹੁਦੇਦਾਰ ਮਾਨਵਦੀਪ ਸਿੰਘ ਹਾਜ਼ਰ ਸਨ।ਇਸ ਮੌਕੇ ਲੇਖਿਕਾ ਰਾਜਬੀਰ ਕੌਰ 'ਬੀਰ" ਗਰੇਵਾਲ ਵੱਲੋਂ ਆਪਣੀ ਇੱਕ ਕਵਿਤਾ ਰਾਹੀਂ ਲੋਕਾਂ ਨੂੰ ਵਾਤਾਵਰਨ ਪ੍ਰਤੀ ਜਾਗਰੂਕ ਕੀਤਾ ਗਿਆ। ਇਸ ਮੌਕੇ ਆਸਮੀਨ ਕੋਹਰੀ, ਆਬਾਜ ਸਿੰਘ ਕੰਗ, ਅਮਨਦੀਪ ਕੌਰ ਕੁਲਵਿੰਦਰ ਕੌਰ ਰਿਪੀ, ਨਵਜੋਤ ਕੌਰ ਜੋਤੀ ਕੰਗ, ਟੀਨਾ ਔਜਲਾ, ਸਤਿੰਦਰ ਕੌਰ ,ਸ਼ਰਨਜੀਤ ਕੌਰ, ਕਿਰਨਦੀਪ ਕੌਰ ,ਮਾਨਵਦੀਪ ਸਿੰਘ ,ਜਸਪ੍ਰੀਤ ਸਿੰਘ ਵਾਲੀਆ, ਲਾਲੀ ਹੈਪੀ ਮੀਰਾਕੋਟ, ਬਲਵਿੰਦਰ ਕੌਰ ,ਬਲਜੀਤ ਕੌਰ, ਸਿਮਰਨ , ਜੋਤੀ, ਰੁਪਿੰਦਰ , ਕਮਲੇਸ਼ ,ਰਣਜੀਤ ਕੌਰ ,ਮਨਦੀਪ ,ਰਾਜਵਿੰਦਰ ਕੌਰ ਹਾਜਰ ਸਨ।

## ਨਵੇਂ ਟਰਾਂਸਪੋਰਟ ਨਿਯਮ 1 ਜੂਨ ਤੋਂ ਲਾਗੂ ਹੋ ਜਾਣਗੇ

### ਨਾਬਾਲਗ ਨੂੰ ਉਦੋਂ ਤੱਕ ਲਾਇਸੈਂਸ ਨਹੀਂ ਦਿੱਤਾ ਜਾਵੇਗਾ ਜਦੋਂ ਤੱਕ ਉਹ 25 ਸਾਲ ਦਾ ਨਹੀਂ ਹੋ ਜਾਂਦਾ

ਵਰਲਡ ਪੰਜਾਬੀ ਟਾਈਮਜ਼

ਚੰਡੀਗੜ 8 ਜੂਨ : ਸੜਕ 'ਤੇ ਗੱਡੀ ਚਲਾਉਂਦੇ ਹੋ ਤਾਂ ਤੁਹਾਨੂੰ ਕਈ ਟ੍ਰੈਫਿਕ ਨਿਯਮਾਂ ਦੀ ਪਾਲਣਾ ਨਾਂ ਕਰਨ ਵਾਲੇ ਲੋਕਾਂ ਨਾਲ ਨਜਿੱਠਣ ਲਈ ਸਿਸਟਮ ਨੂੰ ਹੋਰ ਸਖ਼ਤ ਬਣਾਇਆ ਜਾ ਰਿਹਾ ਹੈ। ਜਿਸ ਵਿੱਚ ਅਜਿਹਾ ਕਰਨ ਵਾਲਿਆਂ ਨੂੰ ਸਬਕ ਸਿਖਾਇਆ ਜਾਵੇਗਾ। ਨਵੇਂ ਟਰਾਂਸਪੋਰਟ ਨਿਯਮ 1 ਜੂਨ ਤੋਂ ਲਾਗੂ ਹੋ ਗਏ ਹਨ।।



ਸਰਕਾਰੀ ਖੇਤਰੀ ਟਰਾਂਸਪੋਰਟ ਦਫ਼ਤਰ (ਆਰ.ਟੀ.ਓ.) ਵੱਲੋਂ ਨਵੇਂ ਨਿਯਮ ਜਾਰੀ ਕੀਤੇ ਜਾ ਰਹੇ ਹਨ। ਤੇਜ਼ ਰਫ਼ਤਾਰ ਅਤੇ ਘੱਟ ਉਮਰ 'ਚ ਗੱਡੀ ਚਲਾਉਣ 'ਤੇ ਭਾਰੀ ਜੁਰਮਾਨਾ ਭਰਨਾ ਪਵੇਗਾ। ਨਿਯਮਾਂ ਮੁਤਾਬਕ ਜੇਕਰ ਕੋਈ ਤੇਜ਼ ਰਫਤਾਰ ਨਾਲ ਗੱਡੀ ਚਲਾਉਂਦਾ ਹੈ ਤਾਂ ਉਸ ਨੂੰ 1000 ਤੋਂ 2000 ਰੁਪਏ ਤੱਕ ਦਾ ਜੁਰਮਾਨਾ ਭਰਨਾ ਪਵੇਗਾ।

ਨਾਬਾਲਗ ਡਰਾਈਵਿੰਗ ਲਈ 25,000 ਰੁਪਏ ਜੁਰਮਾਨਾ ਮੀਡੀਆ ਰਿਪੋਰਟਾਂ ਮੁਤਾਬਕ ਵਾਹਨ ਚਲਾਉਂਦੇ ਸਮੇਂ ਡਰਾਈਵਿੰਗ ਲਾਇਸੈਂਸ ਹੋਣਾ ਬਹੁਤ ਜ਼ਰੂਰੀ ਹੋ ਗਿਆ ਹੈ। ਨਾਬਾਲਗ ਵੱਲੋਂ ਗੱਡੀ ਚਲਾਉਣ 'ਤੇ ਭਾਰੀ ਜੁਰਮਾਨਾ ਲਗਾਇਆ ਜਾਵੇਗਾ। ਜੇਕਰ 18 ਸਾਲ ਤੋਂ ਘੱਟ ਉਮਰ ਦੇ ਲੋਕ ਗੱਡੀ ਚਲਾਉਂਦੇ ਪਾਏ ਗਏ ਤਾਂ ਉਨ੍ਹਾਂ ਨੂੰ 25,000 ਰੁਪਏ ਤੱਕ ਦਾ ਜੁਰਮਾਨਾ ਭਰਨਾ ਪਵੇਗਾ। ਇਸ ਤੋਂ ਇਲਾਵਾ ਵਾਹਨ ਮਾਲਕ ਦਾ ਡਰਾਈਵਿੰਗ ਲਾਇਸੈਂਸ ਵੀ ਰੱਦ ਕੀਤਾ ਜਾ ਸਕਦਾ ਹੈ।

ਲਾਇਸੈਂਸ 18 ਸਾਲ ਦੀ ਉਮਰ ਪੂਰੀ ਹੋਣ ਤੋਂ ਬਾਅਦ ਹੀ ਜਾਰੀ ਕੀਤਾ ਜਾਂਦਾ ਹੈ। 16 ਸਾਲ ਦੀ ਉਮਰ ਪੂਰੀ ਹੋਣ 'ਤੇ 50 ਸੀਸੀ ਦੀ ਸਮਰੱਥਾ ਵਾਲਾ ਮੋਟਰਸਾਈਕਲ ਚਲਾਉਣ ਲਈ ਡਰਾਈਵਿੰਗ ਲਾਇਸੈਂਸ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਤੋਂ ਬਾਅਦ, ਜਦੋਂ ਤੁਸੀਂ 18 ਸਾਲ ਦੇ ਹੋ ਜਾਂਦੇ ਹੋ, ਤਾਂ ਤੁਸੀਂ ਉਸ ਲਾਇਸੈਂਸ ਨੂੰ ਅਪਡੇਟ ਕਰ ਸਕਦੇ ਹੋ।

## ਤਿੰਨ ਰੋਜ਼ਾ ਸੂਬਾਈ ਵਿਦਿਆਰਥੀ ਵਿਗਿਆਨਕ ਚੇਤਨਾ ਕੈਂਪ ਦਾ ਹੋਇਆ ਆਗਾਜ਼

### ਜ਼ਿੰਦਗੀ ਤੇ ਸਮਾਜ ਦੇ ਭਲੇ ਲਈ ਵਿਦਿਆਰਥੀ ਚੇਤਨਾ ਦੀ ਅਹਿਮ ਲੋੜ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ




ਬਰਨਾਲਾ 8 ਜੂਨ : ਵਿਦਿਆਰਥੀਆਂ ਵਿੱਚ ਵਿਗਿਆਨਕ ਚੇਤਨਾ ਦਾ ਸੰਚਾਰ ਕਰਨ ਲਈ ਸਥਾਨਕ ਤਰਕਸ਼ੀਲ ਭਵਨ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਪਹਿਲਕਦਮੀ ਤੇ ਤਿੰਨ ਰੋਜ਼ਾ ਵਿਦਿਆਰਥੀ ਵਿਗਿਆਨਕ ਚੇਤਨਾ ਕੈਂਪ ਦੀ ਸ਼ੁਰੂਆਤ ਹੋਈ।ਜਿਸ ਵਿੱਚ ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਵਿੱਚੋਂ 14 ਸਾਲ ਤੋਂ 18 ਤੱਕ ਉਮਰ ਵਰਗ ਦੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ।ਕੈਂਪ ਵਿੱਚ ਸ਼ਾਮਲ ਹੋਏ ਵਿਦਿਆਰਥੀਆਂ ਨੂੰ ਜੀ ਆਇਆਂ ਨੂੰ ਆਖਦਿਆਂ



ਸੁਸਾਇਟੀ ਦੇ ਸੂਬਾ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਨੇ ਆਖਿਆ ਕਿ ਸੋਚਣ,ਸਮਝਣ ਤੇ ਪਰਖਣ ਦੀ ਪਹੁੰਚ ਵਿਕਸਤ ਕਰਕੇ ਹੀ ਮੰਜ਼ਿਲ ਤੇ ਪਹੁੰਚਿਆ ਜਾ ਸਕਦਾ ਹੈ।ਇਸ ਅਮਲ ਦਾ ਵਿਦਿਆਰਥੀ ਜੀਵਨ ਵਿੱਚ ਬਹੁਤ ਮਹੱਤਵ ਹੈ।ਅੰਧਵਿਸ਼ਵਾਸਾਂ ਤੇ ਅਗਿਆਨਤਾ ਨੂੰ ਖਤਮ ਕਰਕੇ ਹੀ ਜ਼ਿੰਦਗੀ ਤੇ ਸਮਾਜ ਨੂੰ ਸੁਖਾਵੇਂ ਰੁਖ ਤੋਰਿਆ ਜਾ ਸਕਦਾ ਹੈ। ਚੇਤਨਾ ਕੈਂਪ ਵਿੱਚ ਬੋਲਦਿਆਂ ਤਰਕਸ਼ੀਲ ਚਿੰਤਕ ਤੇ ਲੇਖਕ ਰਾਜਪਾਲ ਸਿੰਘ ਨੇ ਵਿਗਿਆਨਕ ਚੇਤਨਾ ਨੂੰ ਸਫ਼ਲਤਾ ਦਾ ਮਾਰਗ ਦਸਦਿਆਂ ਇਸ ਦੇ ਲੜ ਲੱਗਣ ਲਈ ਆਖਿਆ।ਉਨ੍ਹਾਂ ਕਿਹਾ ਕਿ ਵਿਗਿਆਨੀਆਂ ਵੱਲੋਂ ਮਾਨਵਤਾ ਦੇ ਭਲੇ ਲਈ ਕੱਢੀਆਂ ਕਾਢਾਂ ਸਾਡੇ ਲਈ ਪ੍ਰੇਰਨਾ ਸ੍ਰੋਤ ਹਨ।ਸਾਨੂੰ ਵੀ ਆਪਣੇ ਚੌਗਿਰਦੇ ਨੂੰ ਚੇਤਨਾ ਦੇ ਚਾਨਣ ਨਾਲ ਰੁਸ਼ਨਾਉਣਾ ਚਾਹੀਦਾ ਹੈ।ਚੇਤਨਾ ਕੈਂਪ ਦੇ ਅਗਲੇ ਸੈਸ਼ਨ ਵਿੱਚ ਡਾ. ਗਗਨਦੀਪ ਸਿੰਘ ਐੱਮ.ਡੀ.ਨੇ ਨਸ਼ਿਆਂ ਦੇ ਜ਼ਿੰਦਗੀ ਤੇ ਸਮਾਜ ਤੇ ਪੈ ਰਹੇ ਬੁਰੇ ਪ੍ਰਭਾਵਾਂ ਬਾਰੇ ਭਾਵਪੂਰਤ ਵਿਚਾਰ ਰੱਖੇ।ਉਨ੍ਹਾਂ ਵਿਦਿਆਰਥੀਆਂ ਨੂੰ ਨਸ਼ਿਆਂ ਦੀ ਬਜਾਏ ਸਿੱਖਿਆ, ਗਿਆਨ ਤੇ ਚੇਤਨਾ ਨਾਲ ਜ਼ਿੰਦਗੀ ਨੂੰ ਸੰਵਾਰਨ ਦਾ ਸੱਦਾ ਦਿੱਤਾ। ਕੈਂਪ ਦੇ ਆਖਰੀ ਸ਼ੈਸ਼ਨ ਵਿੱਚ ਰਾਮ ਕੁਮਾਰ ਪਟਿਆਲਾ ਨੇ ਜਾਦੂ ਕਲਾ ਦੇ ਭੇਦ ਦਿਲਚਪ ਢੰਗ ਨਾਲ ਸਿਖਾਏ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਸਾਇਟੀ ਦੇ ਆਗੂ ਹੇਮ ਰਾਜ ਸਟੈਨੋ, ਬਲਬੀਰ ਲੌਂਗੋਵਾਲ,ਸੰਦੀਪ ਧਾਰੀਵਾਲ ਭੋਜਾਂ, ਜੋਗਿੰਦਰ ਕੁੱਲੇਵਾਲ,ਗੁਰਪ੍ਰੀਤ ਸ਼ਹਿਣਾ, ਜਸਵੰਤ ਮੁਹਾਲੀ, ਮਾਸਟਰ ਪਰਮਵੇਦ, ਕੁਲਜੀਤ ਡੰਗਰ ਖੇੜਾ, ਸੀਤਾ ਰਾਮ ਬਾਲਦ ਕਲਾਂ, ਅਵਤਾਰ ਦੀਪ ਤੇ ਕੁਲਦੀਪ ਨੈਣੇਵਾਲ ਵੀ ਮੌਜੂਦ ਸਨ। ਚੇਤਨਾ ਕੈਂਪ ਦਾ ਮੰਚ ਸੰਚਾਲਨ ਸੁਰਜੀਤ ਟਿੱਬਾ ਨੇ ਕੀਤਾ।

## ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਿਸਾਨ ਮੇਲਾ 12 ਜੂਨ ਨੂੰ ਲੱਗੇਗਾ : ਡਾ. ਅਮਰੀਕ ਸਿੰਘ

### ਜ਼ਿਲਾ ਪੱਧਰੀ ਕਿਸਾਨ ਮੇਲੇ ਦੀਆਂ ਤਿਆਰੀਆਂ ਲਈ ਮੁੱਖ ਖੇਤੀਬਾੜੀ ਅਫਸਰ ਵਲੋਂ ਅਧਿਕਾਰੀਆਂ ਨਾਲ ਮੀਟਿੰਗ

### ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ 'ਚ ਸਪੀਕਰ ਸੰਧਵਾਂ ਹੋਣਗੇ ਮੁੱਖ ਮਹਿਮਾਨ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ 8 ਜੂਨ : ਖੇਤੀਬਾੜੀ ਮੰਤਰੀ ਪੰਜਾਬ ਗੁਰਮੀਤ ਸਿੰਘ ਖੁੱਡੀਆਂ ਦੀ ਅਗਵਾਈ ਹੇਠ ਹੋ ਰਹੇ ਖੇਤੀ ਵਿਕਾਸ ਕਾਰਜਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਡਾ. ਜਸਵੰਤ ਸਿੰਘ ਡਾਇਰੈਕਟਰ ਖੇਤੀਬਾੜੀ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਹੇਠ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਲੋਂ ਜ਼ਿਲਾ ਫਰੀਦਕੋਟ ਦੀ ਖੇਤੀ ਨੂੰ ਨਵੀਂ ਦਿਸ਼ਾ ਦੇਣ ਲਈ ਐਗਰੀਕਲਚਰਲ ਟੈਕਨਾਲੋਜੀ ਮੈਨੇਜਮੈਂਟ ਏਜੰਸੀ (ਆਤਮਾ) ਅਤੇ ਆਰ ਜੀ ਆਰ ਸੈੱਲ ਦੇ ਸਹਿਯੋਗ ਨਾਲ ਸਾਉਣੀ ਦੀਆਂ ਫਸਲਾਂ ਦੀ ਕਾਸ਼ਤ ਸਬੰਧੀ ਤਕਨੀਕੀ ਜਾਣਕਾਰੀ ਦੇਣ ਲਈ ਢੀਂਗਰਾ ਪੈਲੇਸ ਕੋਟਕਪੂਰਾ ਰੋਡ ਫਰੀਦਕੋਟ ਵਿਖੇ ਲਗਾਇਆ ਜਾਵੇਗਾ, ਜਿਸ ਦੀਆਂ ਕੀਤੀਆਂ ਜਾ ਰਹੀਆਂ ਤਿਆਰੀਆਂ ਦੀ ਸਮੀਖਿਆ ਲਈ ਸਥਾਨਕ ਮੁੱਖ ਖੇਤੀਬਾੜੀ ਦਫਤਰ ਵਿਖੇ ਖੇਤੀ ਅਧਿਕਾਰੀਆਂ ਦੀ ਮੀਟਿੰਗ ਹੋਈ, ਜਿਸ ਦੀ ਪ੍ਰਧਾਨਗੀ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫਸਰ ਨੇ ਕੀਤੀ। ਇਸ ਮੌਕੇ ਡਾ. ਗੁਰਪ੍ਰੀਤ ਸਿੰਘ ਬਲਾਕ ਖੇਤੀਬਾੜੀ ਅਫਸਰ, ਡਾ.ਅਵੀਨਿੰਦਰ ਸਿੰਘ ਬਾਹੀਆ, ਡਾ. ਚਰਨਜੀਤ ਸਿੰਘ ਸਹਾਇਕ ਗੰਨਾ ਵਿਕਾਸ ਅਫਸਰ, ਡਾ. ਅਮਨ ਕੇਸ਼ਵ ਪ੍ਰੋਜੈਕਟ ਡਾਇਰੈਕਟਰ ਆਤਮਾ ਸਮੇਤ ਸਮੂਹ ਅਧਿਕਾਰੀ ਹਾਜ਼ਰ ਸਨ। ਮੀਟਿੰਗ 'ਚ ਹਾਜ਼ਰ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਜ਼ਿਲਾ ਫਰੀਦਕੋਟ ਦੇ ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਖਾਸ ਕਰਕੇ ਨਰਮੇ ਦੀ ਕਾਸ਼ਤ ਸੰਬੰਧੀ ਤਕਨੀਕੀ ਜਾਣਕਾਰੀ ਦੇਣ ਲਈ ਜ਼ਿਲਾ ਪੱਧਰੀ ਕਿਸਾਨ ਮੇਲਾ ਮਿਤੀ 12 ਜੂਨ 2024 ਦਿਨ ਬੁੱਧਵਾਰ ਨੂੰ ਅਤਿ ਦੀ ਪੈ ਰਹੀ ਗਰਮੀ ਅਤੇ ਕਿਸਾਨਾਂ ਦੀ ਸਹੂਲਤ ਲਈ ਢੀਂਗਰਾ ਪੇਲੇਸ ਕੋਟਕਪੂਰਾ ਫਰੀਦਕੋਟ ਵਿਖੇ ਲਗਾਇਆ ਜਾਵੇਗਾ। ਉਹਨਾਂ ਦੱਸਿਆ ਕਿ ਇਸ ਮੇਲੇ 'ਚ ਮਾਨਯੋਗ ਸਪੀਕਰ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਮੁੱਖ ਮਹਿਮਾਨ ਹੋਣਗੇ। ਵਿਧਾਇਕ ਫਰੀਦਕੋਟ ਗੁਰਦਿੱਤ ਸਿੰਘ ਸੇਖੋਂ ਅਤੇ ਵਿਧਾਇਕ ਅਮੋਲਕ ਸਿੰਘ ਜੈਤੋ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਣਗੇ। ਉਹਨਾਂ ਦੱਸਿਆ ਕਿ ਮੇਲੇ ਦਾ ਉਦਘਾਟਨ ਡਿਪਟੀ ਕਮਿਸ਼ਨਰ ਵਿਨੀਤ ਕੁਮਾਰ ਕਰਨਗੇ ਅਤੇ ਪ੍ਰਧਾਨਗੀ ਸੰਯੁਕਤ ਨਿਰਦੇਸ਼ਕ (ਪੌਦ ਸੁਰੱਖਿਆ) ਡਾ. ਨਰਿੰਦਰਪਾਲ ਸਿੰਘ ਬੈਨੀਪਾਲ ਕਰਨਗੇ। ਉਹਨਾਂ ਦੱਸਿਆ ਕਿ ਇਸ ਮੌਕੇ ਇਸ ਮੇਲੇ ਦਾ ਮੁੱਖ ਉਦੇਸ਼ "ਰੱਬੀ ਦਾਤਾਂ ਬਚਾਈਏ, ਝੋਨੇ ਦੀ ਪਰਾਲੀ ਨੂੰ ਖੇਤ 'ਚ ਵਾਹੀਏ" ਹੋਵੇਗਾ ਤਾਂ ਜੋ ਸਾਲ 2024 ਦੌਰਾਨ ਜ਼ਿਲਾ ਫਰੀਦਕੋਟ ਨੂੰ ਝੋਨੇ ਦੀ ਪਰਾਲੀ ਨੂੰ ਸ਼ਾੜਣ ਦੀਆਂ ਘਟਨਾਵਾਂ ਨੂੰ ਜ਼ੀਰੋ ਪੱਧਰ ਤੇ ਲੈ ਕੇ ਆ ਸਕੀਏ। ਉਨਾਂ ਦੱਸਿਆ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਂਣਾ ਅਤੇ ਖੇਤੀਬਾਵੀ ਵਿਭਾਗ ਦੇ ਖੇਤੀ ਮਾਹਿਰ, ਅਗਾਂਹਵਧੂ ਕਿਸਾਨ, ਕਿਸਾਨਾਂ ਨੂੰ ਫਸਲਾਂ ਦੀ ਕਾਸ਼ਤ ਸੰਬੰਧੀ ਤਕਨੀਕੀ ਜਾਣਕਾਰੀ ਅਤੇ ਆਪਣੇ ਤਜ਼ਰਬੇ ਸਾਂਜੇ ਕਰਕੇ ਤਕਨੀਕੀ ਜਾਣਕਾਰੀ ਦੇਣਗੇ। ਉਹਨਾਂ ਦੱਸਿਆ ਕਿ ਮੇਲੇ ਦੌਰਾਨ ਖੇਤੀਬਾੜੀ, ਬਾਗਬਾਨੀ, ਪਸ਼ੂ ਪਾਲਣ, ਸਿਹਤ ਵਿਭਾਗ, ਡੇਅਰੀ ਵਿਭਾਗ, ਮੱਛੀ ਪਾਲਣ, ਸਹਿਕਾਰਤਾ ਵਿਭਾਗ, ਬੈਂਕ, ਨਿੱਜੀ ਅਦਾਰੇ ਅਤੇ ਅਗਾਂਹਵਧੂ ਕਿਸਾਨਾਂ ਵੱਲੋਂ ਪ੍ਰਦਰਸ਼ਨੀਆਂ ਵੀ ਲਾਈਆਂ ਜਾਣਗੀਆਂ। ਉਹਨਾਂ ਸਮੂਹ ਖੇਤੀਬਾੜੀ ਸਟਾਫ ਨੂੰ ਹਦਾਇਤਾਂ ਜਾਰੀ ਕਰਦਿਆਂ ਕਿਹਾ ਕਿ ਪਿੰਡਾਂ 'ਚ ਕਿਸਾਨ ਮੇਲੇ ਪ੍ਰਤੀ ਜਾਗਰੁਕਤਾ ਪੈਦਾ ਕਰ ਲਈ ਕਿਸਾਨਾਂ ਨਾਲ ਵੱਧ ਤੋਂ ਵੱਧ ਸੰਪਰਕ ਕੀਤਾ ਜਾਵੇ। ਉਹਨਾਂ ਕਿਸਾਨਾਂ ਖਾਸ ਕਰਕੇ ਨੌਜਵਾਨ ਕਿਸਾਨਾਂ ਨੂੰ ਅਪੀਲ ਕੀਤੀ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਲੋਂ ਲਾਏ ਜਾ ਰਹੇ ਕਿਸਾਨ ਮੇਲੇ 'ਚ ਵੱਧ ਤੋਂ ਵੱਧ ਗਿਣਤੀ ਵਿੱਚ ਹਾਜ਼ਰ ਹੋਣ।

## ਮਾਊਂਟ ਲਰਨਿੰਗ ਜੂਨੀਅਰਜ਼ ਸਕੂਲ ਵਿਖੇ ਲਾਇਆ ਗਿਆ 'ਸਮਰ ਕੈਂਪ'

ਵਰਲਡ ਪੰਜਾਬੀ ਟਾਈਮਜ਼



ਫਰੀਦਕੋਟ, 8 ਜੂਨ : ਸਥਾਨਕ ਮਾਊਂਟ ਲਰਨਿੰਗ ਜੂਨੀਅਰਜ ਸਕੂਲ ਵਿਖੇ 15 ਰੋਜਾ ਸਮਰ ਕੈਂਪ ਸਮਾਪਤ ਹੋਇਆ, ਜਿਸ ਵਿੱਚ ਬੱਚਿਆਂ ਨੇ ਸਕੇਟਿੰਗ, ਯੋਗਾ, ਡਾਂਸ, ਸਪਰੇਅ ਪੇਂਟਿੰਗ, ਆਰਟ ਐਂਡ ਕਰਾਫਟ, ਤੈਰਾਕੀ, ਕੁਕਿੰਗ 'ਚ ਭਾਗ ਲਿਆ। ਇਸ ਤੋਂ ਇਲਾਵਾ ਬੱਚਿਆਂ ਨੇ ਮਨੋਰੰਜਕ ਖੇਡਾਂ, ਫਿਲਮਾਂ ਅਤੇ ਵਿਗਿਆਨ ਦੀਆਂ ਗਤੀਵਿਧੀਆਂ ਦਾ ਵੀ ਆਨੰਦ ਮਾਣਿਆ। ਬੱਚਿਆਂ ਵੱਲੋਂ ਬਹੁਤ ਸਾਰੇ ਰੁੱਖ ਵੀ ਲਾਏ ਗਏ, ਤਾਂ ਜੋ ਵਾਤਾਵਰਨ ਸ਼ੁੱਧ ਅਤੇ ਹਰਿਆ-ਭਰਿਆ ਰਹਿ ਸਕੇ। ਸਕੂਲ ਪ੍ਰਿੰਸੀਪਲ ਸ਼੍ਰੀਮਤੀ ਸੀਮਾ ਗੁਲਾਟੀ ਨੇ ਮਾਪਿਆਂ ਦੇ ਸਹਿਯੋਗ ਲਈ ਧੰਨਵਾਦ ਕੀਤਾ। ਚੇਅਰਮੈਨ ਇੰਜੀ. ਚਮਨ ਲਾਲ ਗੁਲਾਟੀ ਨੇ ਬੱਚਿਆਂ ਦੀ ਭਰਪੂਰ ਸ਼ਲਾਘਾ ਕਰਦਿਆਂ ਆਖਿਆ ਕਿ ਸਮਰ ਕੈਂਪ ਦੀਆਂ ਗਤੀਵਿਧੀਆਂ ਦੇ ਲਾਭ ਅਣਗਿਣਤ ਹਨ, ਜਿਸ 'ਚ ਕਲਾਸ ਰੂਮ ਦੀ ਚਾਰਦੀਵਾਰੀ ਤੋਂ ਪਾਰ ਜੀਵਨ ਦੇ ਪਾਠ ਅਤੇ ਸਰੀਰਕ ਕਸਰਤ ਦੀ ਮਹੱਤਤਾ, ਕੁਦਰਤ ਦੀ ਕਦਰ, ਆਤਮ ਵਿਸ਼ਵਾਸ਼ ਅਤੇ ਅਗਵਾਈ ਤੱਕ ਸ਼ਾਮਲ ਹਨ। ਇਸ ਲਈ ਸਕੂਲ ਆਉਣ ਵਾਲੇ ਸਮੇਂ 'ਚ ਵੀ ਅਜਿਹੀਆਂ ਗਤੀਵਿਧੀਆਂ ਦਾ ਆਯੋਜਨ ਕਰਦਾ ਰਹੇਗਾ।

## ਸਮਾਜ ਵਿੱਚ ਸੁਧਾਰ ਨਾ ਹੋਇਆ



ਵਰਲਡ ਪੰਜਾਬੀ ਟਾਈਮਜ਼
ਗੌਰਵ ਧੀਮਾਨ

ਦਲਦਲ ਵਾਂਗ ਇਨਸਾਨ ਨਸ਼ੇ ਦੇ ਅੰਦਰ ਧਸ ਰਿਹਾ ਹੈ। ਨਸ਼ਾ ਕਰਕੇ ਇਨਸਾਨ ਹੈਵਾਨ ਦਾ ਰੂਪ ਧਾਰ ਲੈਂਦਾ ਹੈ ਜਿਸ ਨਾਲ ਇੱਜਤਾਂ ਦਾ ਖਿਲਵਾੜ ਹੁੰਦਾ ਤੇ ਜਿਸਮ ਨੂੰ ਉਦੇੜ ਕੇ ਉਸਦਾ ਕਤਲ ਕਰ ਦਿੱਤਾ ਜਾਂਦਾ ਹੈ। ਇਹ ਕਾਰਜਸ਼ੈਲੀ ਜਨਤਕ ਥਾਵਾਂ ' ਤੇ ਬਾਖੂਬੀ ਫੈਲੀ ਹੋਈ ਹੈ। ਹਰ ਇਨਸਾਨ ਨਸ਼ੇ ਦੀ ਲਪੇਟ ਵਿੱਚ ਖਿੱਚਿਆ ਜਾ ਰਿਹਾ ਹੈ। ਜਿਹਨਾਂ ਥਾਵਾਂ ਉੱਤੇ ' ਨਸ਼ਾ ਛੱਡੋ ' ਕੇਂਦਰ ਤਿਆਰ ਕੀਤਾ ਜਾਂਦਾ ਹੈ ਉਹਨਾਂ ਵਿੱਚ ਕੁਝ ਆਪ ਅਜਿਹੇ ਲੋਕ ਸ਼ਾਮਿਲ ਹਨ ਜੋ ਰਿਸ਼ਵਤ ਲੈ ਕੇ ਨਸ਼ਾ ਰੋਗੀ ਨੂੰ ਹੋਰ ਵਧੇਰੇ ਨਸ਼ਾ ਕਰਾਉਂਦੇ ਹਨ ਤੇ ਖੁਦ ਵੀ ਨਸ਼ੇ ਦੀ ਲਪੇਟ ਵਿੱਚ ਹਨ। ' ਨਸ਼ਾ ਛੱਡੋ ' ਦਾ ਵਿਰੋਧ ਕਾਫ਼ੀ ਹੱਦ ਕੀਤਾ ਜਾਂਦਾ ਹੈ ਪਰ ਸ਼ਰਾਬ ਦੇ ਠੇਕੇ ਸ਼ਰੇਆਮ ਚੱਲਦੇ ਦਿਖਾਈ ਦਿੰਦੇ ਹਨ। ਸਮਾਜ ਵਿੱਚ ਗੰਦਗੀ ਦਾ ਪਹਿਲਾਂ ਨਾਂ ਸਰਕਾਰ ਹੈ ਜੋ ਨਸ਼ੇ ਨੂੰ ਆਪ ਬੀਜ ਦੀ ਹੈ ਤੇ ਹਰ ਘਰ ਤੱਕ ਆਪ ਲੈ ਕੇ ਜਾਂਦੀ ਹੈ।

ਸਮਾਜ ਨੂੰ ਸਾਫ਼ ਸੁੱਥਰਾ ਕਦੋਂ ਬਣਾਇਆ ਜਾ ਸਕਦਾ ਹੈ ? ਜਦੋਂ ਸਮਾਜ ਦੀਆਂ ਕੁਰੀਤੀਆਂ ਤੇ ਰਾਜਨੀਤੀਆਂ ਮਿੱਟ ਜਾਵਣ ਤੇ ਕੁਝ ਚੰਗੇ ਨਾਗਰਿਕ ਆਪਣਾ ਸਹੀ ਨਿਰਣੈ ਲੈ ਕੇ ਗਲਤ ਨੂੰ ਸਜਾ ਦਿਵਾਉਣ ਤਾਂ ਸਮਾਜ ਵਿੱਚ ਗੰਦਗੀ ਨੂੰ ਸਾਫ਼ ਕੀਤਾ ਜਾ ਸਕਦਾ ਹੈ। ਜਿੱਥੇ ਔਰਤਾਂ ਦੀ ਗੱਲ ਕਰੀਏ ਤਾਂ ਕੁਝ ਔਰਤਾਂ ਹਨ ਜੋ ਰਾਜਨੀਤਿਕ ਵਿੱਚ ਪੈਰ ਤਾਂ ਰੱਖਦੀਆਂ ਹਨ ਪਰ ਉਹ ਵੀ ਉਹਨਾਂ ਨੇਤਾਵਾਂ ਦੇ ਵਾਂਗ ਪੇਸ਼ ਆਉਂਦੀਆਂ ਹਨ ਜੋ ਹਮੇਸ਼ਾ ਹੀ ਠੱਗ – ਖੋਰੀ ਵਿੱਚ ਸ਼ਾਮਿਲ ਹਨ। ਸਰਕਾਰਾਂ ਦੇ ਉਦੇਸ਼ ਮੁਤਾਬਿਕ ਹੀ ਤਾਨਾਸ਼ਾਹ ਦਾ ਰਾਜ ਬਣ ਕੇ ਤਿਆਰ ਹੋਇਆ ਹੈ। ਜਿੱਥੇ ਮਾਸੂਮ ਧੀ ਦੀ ਇੱਜਤ ਨਾਲ ਖਿਲਵਾੜ ਕੀਤਾ ਜਾਂਦਾ ਹੈ ਉੱਥੇ ਸ਼ਰ੍ਹੇਆਮ ਤਮਾਸ਼ਾ ਦੇਖਿਆ ਜਾਂਦਾ ਹੈ ਤੇ ਬਾਅਦ ਵਿੱਚ ਕਾਰਵਾਈ ਕਰਵਾਈ ਕੀਤੀ ਜਾਂਦੀ ਹੈ। ਹਰ ਸਰਕਾਰ ਵੱਲੋਂ ਇਹਨੀ ਦੇਰੀ ਕਿਉਂ ?

ਸਰਕਾਰਾਂ ਦੇ ਬਣਾਏ ਨਿਯਮ ਅਨੁਸਾਰ ਕਾਨੂੰਨੀ ਕਾਰਵਾਈ ਵੀ ਸਹੀ ਨਹੀਂ ਕੀਤੀ ਜਾਂਦੀ ਤੇ ਕੁਝ ਥਾਣੇ ਅਜਿਹੇ ਬਣੇ ਹਨ ਜਿੱਥੇ ਬੇਨਤੀ ਵੀ ਸਵੀਕਾਰ ਨਹੀਂ ਕੀਤੀ ਜਾਂਦੀ ਤੇ ਇੱਕ ਧੀ ਦਾ ਬਿਆਨ ਆਪਣੀ ਇੱਜਤ ਖਿਲਾਫ਼ ਹੋਵੇ ਤਾਂ ਥਾਣਾ ਮੁੱਖੀ ਤੇ ਬਾਕੀ ਇੰਸਪੈਕਰ ਤਮਾਸ਼ਾ ਦੇਖਦੇ ਹਨ ਪਰ ਉਸ ਮਾਸੂਮ ਧੀ ਨੂੰ ਇਨਸਾਫ਼ ਨਹੀਂ ਦਿੱਤਾ ਜਾਂਦਾ। ਹਰ ਕੋਈ ਸਰਕਾਰੀ ਅਫ਼ਸਰ ਕੰਮ ਚੋਰ ਪੇਸ਼ ਆਵੇਗਾ। ਇੱਕ ਕੋਰਟ ਦੀ ਗੱਲ ਹੈ ਜਿੱਥੇ ਇੱਕ ਅਫ਼ਸਰ ਆਪਣੀ ਡਿਊਟੀ ਉੱਤੇ ਜਾਂਦਾ ਜਰੂਰ ਹੈ ਪਰ ਉਹ ਉੱਥੇ ਜਾ ਕੇ ਹਾਜਰੀ ਭਰਦਾ ਹੈ ਤੇ ਫਿਰ ਘਰ ਦੇ ਕੰਮ ਨੂੰ ਬਾਹਰ ਚਲਾ ਜਾਂਦਾ ਹੈ। ਇਹ ਸਰਕਾਰ ਦੀ ਡਿਊਟੀ ਹੈ। ਸਰਕਾਰ ਆਪਣੇ ਚੰਗੇ ਅਹੁਦੇ ਦਾ ਗ਼ਲਤ ਫ਼ੈਸਲਾ ਚੱਕਦੀ ਪਰ ਦਿਖਾਈ ਕਿਸੇ ਕਿਸੇ ਨੂੰ ਦਿੰਦਾ ਹੈ। ਇਹਨਾਂ ਖਿਲਾਫ਼ ਆਵਾਜ਼ ਨਹੀਂ ਚੁੱਕੀ ਜਾ ਸਕਦੀ ਕਿਉਂਕਿ ਇਹ ਸਰਕਾਰ ਦੇ ਚੱਟੇ ਬੱਟੇ ਹਨ ਜੋ ਸਰਕਾਰਾਂ ਦੇ ਨਜ਼ਰੀਏ ਵਾਂਗ ਪੇਸ਼ ਆਉਂਦੇ ਹਨ।

ਇੱਕ ਹੁਕਮ ਨਾਲ ਸਰਕਾਰ ਕਿਸੇ ਵੀ ਨਿਹੱਥੇ ਉੱਤੇ ਗੋਲੀਆਂ ਦੀ ਬਰਸਾਤ ਕਰਵਾ ਸਕਦੀ ਹੈ ਤੇ ਕਦੇ ਵੀ ਕੋਈ ਵੀ ਹੁਕਮ ਸੁਣਾ ਸਕਦੀ ਹੈ। ਸਰਕਾਰ ਆਪਣੇ ਆਪ ਨੂੰ ਤਾਨਾਸ਼ਾਹ ਹਾਕਮਾਂ ਦਾ ਭਗਵਾਨ ਸਮਝਦੀ ਹੈ ਤੇ ਲੋਕਾਂ ਨੂੰ ਇਹ ਸਭ ਸਹੀ ਲੱਗਦਾ ਹੈ। ਜਿਸ ਕਿਸੇ ਇਨਸਾਨ ਨੂੰ ਸਰਕਾਰ ਵੱਲੋਂ ਕੋਈ ਵੀ ਤਕਲੀਫ਼ ਨਹੀਂ ਹੈ ਉਹ ਸਿਰਫ਼ ਸਰਕਾਰ ਦੀ ਰਾਜਨੀਤਿਕ ਦੇ ਨਾਲ ਜੁੜੇ ਹਨ ਤੇ ਗ਼ਰੀਬੀ ਰਾਜਨੀਤਿਕ ਨੂੰ ਨਹੀਂ ਜਾਣਦੀ। ਉਹ ਸਦਾ ਹੀ ਮਿੱਟੀ ਵਿੱਚ ਮਿੱਟੀ ਹੋ ਕੇ ਰਹਿਣਾ ਪਸੰਦ ਕਰਦੀ ਹੈ। ਪੜ੍ਹੇ ਲਿਖੇ ਨੌਜਵਾਨ ਵੀ ਅੱਜ ਕੱਲ੍ਹ ਦੀਆਂ ਸਰਕਾਰਾਂ ਉੱਤੇ ਭਰੋਸਾ ਕਰ ਬੈਠੇ ਹਨ ਕਿਉਂਕਿ ਉਹਨਾਂ ਨੂੰ ਇਹ ਲੱਗਦਾ ਹੈ ਕਿ ਸਰਕਾਰ ਇਸ ਵਾਰ ਜਰੂਰ ਸਾਨੂੰ ਨੌਕਰੀ ਦੇ ਦਵੇਗੀ।

ਜਿੰਦਗੀ ਦੇ ਇਸ ਸਮਾਜ ਨੂੰ ਸਮਝਣ ਲਈ ਕੁਝ ਹਾਲਾਤਾਂ ਨੂੰ ਚੰਗੀ ਤਰ੍ਹਾਂ ਸਮਝਣਾ ਹੋਵੇਗਾ ਜਿੱਥੇ ਨਸ਼ਾ ਖਤਮ ਨਹੀਂ ਹੋ ਸਕਦਾ, ਹੈਵਾਨੀਅਤ ਰੋਜ਼ ਦੀ ਤਰ੍ਹਾਂ ਰੋਜ਼ ਇੱਜਤ ਲੁੱਟੇਗੀ, ਗ਼ਲਤ ਇਨਸਾਨ ਨੂੰ ਰਿਹਾਅ ਕੀਤਾ ਜਾਵੇਗਾ ਤੇ ਸਹੀ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ ਜਾਵੇਗੀ। ਇਹ ਸਭ ਸਰਕਾਰ ਦੀ ਨੀਤੀ ਦੇ ਅਨੁਸਾਰ ਹੁੰਦਾ ਨਜਰ ਆਵੇਗਾ। ਜਦੋਂ ਕਦੇ ਵੋਟਾਂ ਦਾ ਵਕ਼ਤ ਆਇਆ ਉਦੋਂ ਹੀ ਸਰਕਾਰ ਅੱਖਾਂ ਖੋਲ੍ਹਦੀ ਨਜਰ ਆਈ ਹੈ ਤੇ ਹਰ ਇਨਸਾਨ ਨੂੰ ਇਹ ਭਰੋਸਾ ਦਿਵਾਇਆ ਜਾਂਦਾ ਹੈ ਕਿ ਤੁਹਾਨੂੰ ਇਨਸਾਫ਼ ਜਰੂਰ ਮਿਲੇਗਾ। ਜਦੋਂ ਕਿ ਇਹ ਸਭ ਵੋਟਾਂ ਵਿੱਚ ਹੀ ਨਜਰ ਦਿਖਾਈ ਦਵੇਗਾ। ਜਿਉਂ ਤਿਉਂ ਕੋਈ ਸਰਕਾਰ ਜਿੱਤਦੀ ਹੈ ਤੇ ਕੁਝ ਵਿੱਚ ਹਾਰ ਜਾਂਦੀ ਹੈ ਤਾਂ ਆਪਸੀ ਟਕਰਾਰ ਤੇ ਰੰਜਿਸ਼ ਬਣ ਜਾਂਦੀ ਹੈ ਜਿਸ ਨਾਲ ਸਮਾਜ ਨੂੰ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਥਾਂ ਉੱਤੇ ਘਰ ਨਾ ਢਾਹੁਣ ਦੀ ਗੱਲ ਕੀਤੀ ਜਾਂਦੀ ਹੈ ਉਸ ਥਾਂ ਨੂੰ ਸਭ ਤੋਂ ਪਹਿਲਾਂ ਉਜਾੜਿਆ ਜਾਂਦਾ ਹੈ। ਜਿਸ ਨਾਲ ਲੋਕਾਂ ਦਾ ਵਿਸ਼ਵਾਸ਼ ਅਸਲ ਜਿੰਦਗੀ ਵਿੱਚ ਟੁੱਟ ਜਾਂਦਾ ਹੈ ਤੇ ਸਰਕਾਰ ਆਪਣੀ ਤਾਨਾਸ਼ਾਹੀ ਸਥਾਪਤ ਕਰਨ ਵਿੱਚ ਸਹਾਈ ਹੁੰਦੀ ਹੈ।

ਹੱਕ ਤੇ ਸੱਚ ਲਈ ਲੜ੍ਹਨ ਵਾਲਾ ਬਾਹਦੁਰ ਸਦਾ ਮੌਤ ਦੇ ਖੂਹ ਗਿਆ ਹੈ ਜਿਸਦੇ ਡਰ ਤੋਂ ਕੋਈ ਵੀ ਸਮਾਜ ਨੂੰ ਸਾਫ਼ ਕਰਨ ਵਾਲਾ ਅੱਗੇ ਨਹੀਂ ਆਉਂਦਾ ਹੈ। ਲੋਕਾਂ ਵਿੱਚ ਇਸ ਡਰ ਦਾ ਰਹਿਣਾ ਹੀ ਸਰਕਾਰ ਲਈ ਗ਼ੁਲਾਮੀ ਦਾ ਚਿੰਨ੍ਹ ਹੈ। ਸਰਕਾਰ ਹਮੇਸ਼ਾ ਰਾਜ ਕਰਦੀ ਆਈ ਹੈ ਤੇ ਕਰਦੀ ਰਹੇਗੀ। ਸਰਕਾਰ ਦੇ ਫੈਸਲਿਆਂ ਉੱਤੇ ਚੱਲਣਾ ਹੀ ਪਵੇਗਾ ਕਿਉਕਿ ਦਾਣਾ ਪਾਣੀ ਸਰਕਾਰ ਦੇ ਇਸ਼ਾਰਿਆਂ ਤੋਂ ਹੀ ਘਰਾਂ ਤੱਕ ਪਹੁੰਚਦਾ ਹੈ। ਜੋ ਖਾਣ ਪਾਣੀ ਸਾਨੂੰ ਕੁਦਰਤ ਦਿੰਦਾ ਹੈ ਉਸਦਾ ਸਾਰਾ ਕੰਟਰੋਲ ਅੱਜ ਸਰਕਾਰ ਦੇ ਹੱਥ ਵਿੱਚ ਹੈ। ਹਰ ਜਮੀਨ ਨੂੰ ਸਰਕਾਰੀ ਨਾਂ ਦਿੱਤਾ ਗਿਆ ਹੈ ਜਿਸ ਤੋਂ ਸਰਕਾਰ ਫ਼ਾਇਦਾ ਚੁੱਕ ਲੋਕਾਂ ਨੂੰ ਗੁੰਮਰਾਹ ਕਰਦੀ ਹੈ ਤੇ ਉਸਨੂੰ ਗ਼ੁਲਾਮ ਦੇ ਤੌਰ ' ਤੇ ਵਰਤਦੀ ਹੈ। ਲੋਕਾਂ ਵਿੱਚ ਜੋ ਵੀ ਵਿਸ਼ਵਾਸ਼ ਸਰਕਾਰ ਨੇ ਕਾਇਮ ਕੀਤਾ ਹੈ ਉਹ ਅਸਲ ਵਿੱਚ ਧੋਖਾ ਹੈ। ਇਸ ਬਾਰੇ ਸੋਚਣ ਤੇ ਸਮਝਣ ਦੀ ਲੋੜ ਨਹੀਂ ਕਿਉਂਕਿ ਅਕਲ ਦਾ ਹੋਣਾ ਨਾ ਹੋਣਾ ਬੈਂਸ ਦੇ ਬਰਾਬਰ।

## ਗੈਰਹਾਜ਼ਰ (ਮਿੰਨੀ ਕਹਾਣੀ)




ਵਰਲਡ ਪੰਜਾਬੀ ਟਾਈਮਜ਼
ਸ਼ਿਵਨਾਥ ਦਰਦੀ ਫ਼ਰੀਦਕੋਟ

ਨਮਸਤੇ , ਮੈਡਮ ਜੀ
ਅਮਨ ਦੇਖ , ਐਤਕੀ ਜਗਸੀਰ ਦੀਆ ਪੰਜ ਗੈਰਹਾਜ਼ਰੀਆਂ ਹਨ ।
ਇਹ ਗੈਰਹਾਜ਼ਰੀ ਸਟਾਫ਼ ਦੀ ਸਿਕਾਇਤ ਤੇ ਪਾਈ ਗਈ।
ਅਮਨ :- ਮੈਡਮ ਜੀ , ਕੁਝ ਲੋਕਾਂ ਦੀ ਆਦਤ ਬਣ ਜਾਂਦੀ ਏ, ਨਿੱਕੀ ਨਿੱਕੀ ਗੱਲ ਤੇ ਸ਼ਿਕਾਇਤ ਕਰਨ ਦੀ। ਐਵੇਂ ਗਰੀਬ ਬੰਦਿਆਂ ਦੇ ਮਗਰ ਹੱਥ ਧੋ ਕੇ ਪਏ ਰਹਿੰਦੇ ਨੇ। ਭਲਾ ਕਿੰਨੀ ਕੁ ਤਨਖਾਹ ਏ ਵਿਚਾਰਿਆ ਦੀ!
ਇਕ ਦਿਨ ਵਿਚਾਰਾ ਗੱਲ ਕਰਦਾ ਸੀ । ਪਹਿਲਾਂ ਲੋਨ ਚੁੱਕ ਕੇ ਬੱਚਿਆਂ ਦਾ ਦਾਖਲਾ ਭਰਿਆ, ਕਿਤਾਬਾਂ ਲੈ ਕੇ ਦਿੱਤੀਆਂ। ਫਿਰ ਕਿਸ਼ਤਾਂ ਤੇ ਕੂਲਰ ਲਿਆ। ਹੁਣ ਸਾਰੀ ਤਨਖਾਹ ਕਿਸ਼ਤਾਂ ਚ ਚਲੀ ਜਾਂਦੀ ਏ।
ਮੈਡਮ :- ਅਮਨ , ਮੈਨੂੰ ਸਮਝ ਨਹੀ ਆਉਂਦੀ । ਐਨੀ ਘੱਟ ਤਨਖਾਹ ਚ' ਤੁਸੀ ਗੁਜਾਰਾ ਕਿਵੇਂ ਕਰਦੇ ਹੋ। ਜਿੰਨੀ ਤੁਹਾਡੀ ਤਨਖਾਹ, ਏਨੇ ਦਾ ਸਾਡਾ ਦੁੱਧ ਆਉਂਦਾ ।
ਅਮਨ :- ਮੈਡਮ ਜੀ , ਸਾਡੀ ਤੇ ਸਾਡੇ ਬੱਚਿਆਂ ਦੀ ਸਾਰੀ ਉਮਰ ਕਰਜੇ ਚੁਕਾਉਂਦਿਆਂ ਹੀ ਲੰਘ ਜਾਂਦੀ ਏ। ਕੁਝ ਕੁ , ਸਾਡੇ ਨਾਲ ਦੇ ਬੱਚਿਆਂ ਦੇ ਬਾਰੇ ਸੋਚਦੇ-ਸੋਚਦੇ, ਮਾਨਸਿਕ ਬੀਮਾਰੀ ਦਾ ਸ਼ਿਕਾਰ ਹੋ , ਦੁਨੀਆਂ ਨੂੰ ਅਲਵਿਦਾ ਕਹਿ ਗਏ। ਏਨਾਂ ਵਿਚਾਰਿਆ ਨੂੰ ਜਿਊਂਦੇ ਜੀਅ ਝਿੜਕਾਂ ਮਿਲਦੀਆਂ, ਪਰ ਮਰਨ ਤੋਂ ਬਾਅਦ ਸਾਰੇ ਚੰਗਾ ਕਹਿੰਦੇ , ਭੋਗ ਵਾਸਤੇ ਪੈਸੇ ਇਕੱਠੇ ਕਰਦੇ , ਜਿਊਂਦੇ ਕਦੇ ਚਾਹ ਨਾ ਪੁਛਦੇ .....
ਪਿਛਲੇ ਸਾਲ ਦੋ ਸਿਕਿਉਰਿਟੀ ਗਾਰਡਾਂ ਦੀ ਦਿਮਾਗ ਦੀ ਨਾੜੀ ਫਟਣ ਨਾਲ ਮੌਤ ਹੋ ਗਈ।
ਮੈਡਮ ਜੀ , ਪਰਸੋਂ ਆਪਣਾ ਹੈਲਪਰ 'ਰਮੇਸ਼ ਕੁਮਾਰ' ਗਲ ਫਾਹਾ ਪਾ । ਜਿੰਦਗੀ ਦੇ ਪੰਨਿਆਂ ਤੋ ਹਮੇਸ਼ਾ ਲਈ ਗੈਰਹਾਜ਼ਰ ਹੋ ਗਿਆ।
ਹੁਣ ਉਸ ਨੂੰ ਕੋਈ ਗੈਰਹਾਜ਼ਰ ਨਹੀਂ ਕਰ ਸਕਦਾ। ਉਹ ਹਮੇਸ਼ਾ ਲਈ ਗੈਰਹਾਜ਼ਰ ਹੋ ਗਿਆ।

## ਸਿੱਖ ਨਵ-ਰਹੱਸਵਾਦ ਦਾ ਕਵੀ : ਭਾਈ ਵੀਰ ਸਿੰਘ




ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਡਾ. ਭਾਈ ਵੀਰ ਸਿੰਘ ਆਧੁਨਿਕ ਕਾਲ ਦੇ ਵਿਖਿਆਤ ਪੰਜਾਬੀ ਕਵੀ ਅਤੇ ਯੁਗ-ਪੁਰਸ਼ ਹੋਏ ਹਨ, ਜਿਨ੍ਹਾਂ ਨੂੰ ਭਾਰਤ ਦੇ ਪ੍ਰਸਿੱਧ ਦਾਰਸ਼ਨਿਕ ਡਾ. ਰਾਧਾਕ੍ਰਿਸ਼ਣਨ ਨੇ ਭਾਰਤ ਦੀ ਸਨਾਤਨੀ ਵਿਦਵਤਾ ਦੇ ਪ੍ਰਤੀਨਿਧੀ ਕਿਹਾ ਹੈ। ਡਾ. ਮੁਲਕ ਰਾਜ ਅਨੰਦ ਨੇ ਭਾਈ ਸਾਹਿਬ ਲਈ ਸਿਰਜਣਾਤਮਕ ਵੇਗ ਨੂੰ ਜੀਵਨ ਅਤੇ ਵਿਸ਼ਵ ਦੇ ਸੰਤੁਲਨ ਦਾ ਆਧਾਰ ਮੰਨਣ ਵਾਲ਼ੇ ਵਿਅਕਤੀ ਦੀ ਸੰਗਿਆ ਦੀ ਵਰਤੋਂ ਕੀਤੀ ਹੈ। ਹਰਿੰਦਰਨਾਥ ਚਟੋਪਾਧਿਆਏ ਨੇ ਭਾਈ ਸਾਹਿਬ ਨੂੰ ਪੰਜਾਂ ਦਰਿਆਵਾਂ ਦੀ ਧਰਤੀ ਦੇ ਛੇਵੇਂ ਦਰਿਆ ਦੀ ਉਪਾਧੀ ਦਿੱਤੀ ਹੈ। ਡਾ. ਮੋਹਨ ਸਿੰਘ ਦੀਵਾਨਾ ਨੇ ਪੰਜਾਬੀ ਸਾਹਿਤ ਅਤੇ ਸੰਸਕ੍ਰਿਤੀ ਦੇ ਸੰਦਰਭ ਵਿੱਚ ਨਿਭਾਈ ਗਈ ਆਪ ਦੀ ਭੂਮਿਕਾ ਬਾਰੇ ਵਿਚਾਰ ਪ੍ਰਗਟ ਕਰਦਿਆਂ ਲਿਖਿਆ ਹੈ ਕਿ ਆਪ ਸਿੱਖ ਨਵ-ਚੇਤਨਤਾ ਦੇ ਅਜਿਹੇ ਸਤੰਭ ਸਨ, ਜਿਨ੍ਹਾਂ ਨੇ ਆਪਣੇ ਜੀਵਨ, ਕਵਿਤਾ, ਗਲਪ ਅਤੇ ਗੱਦ ਰਾਹੀਂ ਅਨੇਕਾਂ ਜਿੰਦੜੀਆਂ ਨੂੰ ਜੀਵਨ-ਛੁਹ ਲਾ ਕੇ ਉਤਸ਼ਾਹਿਤ ਕੀਤਾ ਅਤੇ ਪੰਜਾਬੀ ਸਾਹਿਤ ਵਿੱਚ ਅਭਿਵਿਅਕਤੀ ਦੇ ਨਵੀਨ ਧਰਾਤਲ ਸਿਰਜੇ।

ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ 1872 ਨੂੰ ਡਾ.ਚਰਨ ਸਿੰਘ ਦੇ ਘਰ ਅੰਮ੍ਰਿਤਸਰ ਵਿਖੇ ਹੋਇਆ। ਭਾਈ ਸਾਹਿਬ ਨੂੰ ਆਪਣੇ ਪਰਿਵਾਰ ਦੀ ਇਤਿਹਾਸਕ ਅਤੇ ਗੌਰਵਮਈ ਪਰੰਪਰਾ ਦਾ ਅਨੁਭਵ ਮੁੱਢ ਤੋਂ ਹੀ ਸੀ। ਉਨ੍ਹਾਂ ਦੀ ਵੰਸ਼-ਪਰੰਪਰਾ ਦਾ ਪਿਛੋਕੜ ਦੀਵਾਨ ਕੌੜਾ ਮੱਲ ਨਾਲ਼ ਜਾ ਮਿਲਦਾ ਹੈ, ਜੋ ਅਠਾਰਵੀਂ ਸ਼ਤਾਬਦੀ ਦੇ ਪਹਿਲੇ ਅੱਧ ਵਿੱਚ ਇੱਕ ਸਿਪਾਹੀ ਦੀ ਹੈਸੀਅਤ ਤੋਂ ਉੱਨਤੀ ਕਰਕੇ ਲਾਹੌਰ ਦੇ ਦੀਵਾਨ ਅਤੇ ਫਿਰ ਮੁਲਤਾਨ ਦੇ ਹਾਕਮ ਬਣੇ ਸਨ। ਭਾਈ ਸਾਹਿਬ ਦੇ ਦਾਦਾ ਬਾਬਾ ਕਾਹਨ ਸਿੰਘ ਇੱਕ ਤਪੱਸਵੀ, ਵਿਰਕਤ ਅਤੇ ਪ੍ਰਬੀਨ ਬੁੱਧੀਮਾਨ ਵਿਅਕਤੀ ਸਨ। ਉਹ ਸੰਸਕ੍ਰਿਤ ਦੇ ਵਿਦਵਾਨ ਅਤੇ ਬ੍ਰਜ ਭਾਸ਼ਾ ਵਿੱਚ ਕਾਵਿ-ਰਚਨਾ ਕਰਦੇ ਸਨ। ਭਾਈ ਸਾਹਿਬ ਦੇ ਪਿਤਾ ਡਾ .ਚਰਨ ਸਿੰਘ ਨੂੰ ਵੀ ਸੰਸਕ੍ਰਿਤ, ਬ੍ਰਜ, ਅੰਗਰੇਜ਼ੀ, ਫਾਰਸੀ ਦਾ ਚੋਖਾ ਗਿਆਨ ਸੀ। ਉਨ੍ਹਾਂ ਨੇ ਮੌਲਿਕ, ਅਨੁਵਾਦ ਅਤੇ ਸੰਪਾਦਨਾ ਦਾ ਕਾਫੀ ਕੰਮ ਕੀਤਾ। ਭਾਈ ਸਾਹਿਬ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ ਗੁਰਬਾਣੀ ਦੇ ਪ੍ਰਸਿੱਧ ਟੀਕਾਕਾਰ ਤੇ ਅਨੁਵਾਦਕ ਸਨ ਅਤੇ ਭਾਈ ਸਾਹਿਬ ਅਨੁਵਾਦ ਦੇ ਕੰਮ ਵਿੱਚ ਉਨ੍ਹਾਂ ਦੀ ਮਦਦ ਕਰਦੇ ਸਨ। ਇੱਕ ਦਿਨ ਭਾਈ ਸਾਹਿਬ ਨੇ ਨਾਨਾ ਜੀ ਨੂੰ ਕਿਹਾ, "ਤੁਸੀਂ ਹੋਰਾਂ ਲੋਕਾਂ ਦੀਆਂ ਰਚਨਾਵਾਂ ਦੇ ਅਨੁਵਾਦ ਹੀ ਕਿਉਂ ਕਰਦੇ ਹੋ? ਆਪਣੇ ਅੰਦਰੋਂ ਰਚਨਾ ਕਿਉਂ ਨਹੀਂ ਕਰਦੇ?" ਗਿਆਨੀ ਜੀ ਨੇ ਹੱਸ ਕੇ ਕਿਹਾ, "ਬਰਖ਼ੁਰਦਾਰ, ਮੈਂ ਨਹੀਂ ਲਿਖ ਸਕਿਆ ਪਰ ਤੂੰ ਜ਼ਰੂਰ ਲਿਖੇਂਗਾ।" ਇਹ ਸੁਭਾਵਕ ਆਖਿਆ ਵਚਨ ਪਿੱਛੋਂ ਜਾ ਕੇ ਮਹੱਤਵਪੂਰਣ ਰੂਪ ਵਿੱਚ ਸੱਚਾ ਸਿੱਧ ਹੋਇਆ।

ਇਸ ਤਰ੍ਹਾਂ ਸਪਸ਼ਟ ਹੈ ਕਿ ਭਾਈ ਵੀਰ ਸਿੰਘ ਦੇ ਪਿਤਰੀ-ਧਨ ਵਿੱਚ ਦੀਵਾਨ ਕੌੜਾ ਮੱਲ ਦੀ ਰਾਜਸੀ ਮਹੱਤਾ, ਬਾਬਾ ਕਾਹਨ ਸਿੰਘ ਦਾ ਸਾਧੂਤਵ, ਡਾ.ਚਰਨ ਸਿੰਘ ਦੀ ਪੁਰਾਤਨ-ਆਧੁਨਿਕ ਬੁੱਧੀਜੀਵਤਾ ਅਤੇ ਗਿਆਨੀ ਹਜ਼ਾਰਾ ਸਿੰਘ ਦਾ ਪਰਮਾਰਥ ਗਿਆਨ ਬੜੇ ਪ੍ਰਧਾਨ ਅੰਸ਼ ਹਨ। ਸੰਤ ਸਿੰਘ ਸੇਖੋਂ ਦੇ ਮਤਿ ਅਨੁਸਾਰ : "ਅਜਿਹੇ ਪਿਤਰੀ-ਧਨ ਵਾਲ਼ਾ ਪੁਰਖ ਸਮਝੋ ਉਨੀਵੀਂ ਸਦੀ ਦੇ ਭਾਰਤੀ ਜਾਗ੍ਰਿਤੀ ਵਾਤਾਵਰਣ ਵਿੱਚ ਕਿਸੇ ਮਹਾਨ ਕਾਰਜ ਲਈ ਹੀ ਜਨਮਿਆ ਹੁੰਦਾ ਹੈ ਤੇ ਭਾਈ ਵੀਰ ਸਿੰਘ ਦੇ ਭਾਗ ਵਿੱਚ ਇਹ ਮਹਾਨ ਕਾਰਜ ਨਿਸ਼ਚੇ ਹੀ ਅੰਕਿਤ ਹੋਇਆ।"

ਭਾਈ ਵੀਰ ਸਿੰਘ ਨੇ ਮੈਟ੍ਰਿਕ (ਐਂਟਰੈਂਸ) ਦੀ ਪ੍ਰੀਖਿਆ 1891 ਵਿੱਚ ਪਾਸ ਕੀਤੀ ਅਤੇ ਸਰਕਾਰੀ ਨੌਕਰੀ ਦਾ ਸੰਕਲਪ ਨਾ ਕੀਤਾ। ਪਿਤਾ ਦੇ ਇੱਕ ਸਹਿਚਾਰੀ ਭਾਈ ਵਜ਼ੀਰ ਸਿੰਘ ਨਾਲ਼ ਮਿਲ ਕੇ 'ਵਜ਼ੀਰ ਹਿੰਦ ਪ੍ਰੈੱਸ' ਸ਼ੁਰੂ ਕੀਤਾ ਜੋ ਹੁਣ ਤੱਕ ਭਾਈ ਲਖਵੀਰ ਸਿੰਘ ਦੀ ਸੰਤਾਨ ਦੇ ਪ੍ਰਬੰਧ ਹੇਠ ਚੱਲ ਰਿਹਾ ਹੈ। ਸ.ਕੌਰ ਸਿੰਘ ਧੂਪੀਏ ਨਾਲ਼ ਮਿਲ ਕੇ 'ਖਾਲਸਾ ਟ੍ਰੈਕਟ ਸੁਸਾਇਟੀ' ਦੀ ਨੀਂਹ ਰੱਖੀ। ਨਵੰਬਰ 1899 ਵਿੱਚ ਸਪਤਾਹਿਕ 'ਖਾਲਸਾ ਸਮਾਚਾਰ' ਸ਼ੁਰੂ ਕੀਤਾ।

ਉਨ੍ਹਾਂ ਨੇ ਸਾਹਿਤ ਦੇ ਖੇਤਰ ਵਿੱਚ ਬਹੁਪੱਖੀ ਹਿੱਸਾ ਪਾਇਆ। 9 ਕਾਵਿ ਸੰਗ੍ਰਹਿ ਤੋਂ ਇਲਾਵਾ 4 ਨਾਵਲ, 1 ਨਾਟਕ, ਵਾਰਤਕ, ਸੰਪਾਦਨ, ਸਟੀਕ ਰਚਨਾ ਦੇ ਖੇਤਰ ਵਿੱਚ ਕਾਫੀ ਗੰਭੀਰ ਤੇ ਵਿਦਵਤਾ ਪੂਰਨ ਰਚਨਾਵਾਂ ਦੇ ਕੇ ਨਵੀਆਂ ਲੀਹਾਂ ਪਾਈਆਂ। 1949 ਵਿੱਚ ਆਪਨੂੰ 'ਡਾਕਟਰ ਆਫ਼ ਓਰੀਐਂਟਲ ਲਰਨਿੰਗ' ਦੀ ਡਿਗਰੀ ਪ੍ਰਦਾਨ ਕੀਤੀ ਗਈ। ਸੁਤੰਤਰ ਭਾਰਤ ਵਿੱਚ ਪੰਜਾਬ ਵਿਧਾਨ ਪਰਿਸ਼ਦ ਦਾ ਮੈਂਬਰ ਨਾਮਜ਼ਦ ਕੀਤਾ ਗਿਆ।1953 ਵਿੱਚ ਭਾਰਤੀ ਸਾਹਿਤ ਅਕਾਦਮੀ ਵੱਲੋਂ 'ਮੇਰੇ ਸਾਈਆਂ ਜੀਓ' ਨੂੰ ਸਾਹਿਤ ਅਕਾਦਮੀ ਪੁਤਸਕਾਰ ਦਿੱਤਾ ਗਿਆ। 1956 ਵਿੱਚ ਭਾਰਤ ਸਰਕਾਰ ਨੇ 'ਪਦਮ ਵਿਭੂਸ਼ਨ' ਨਾਲ਼ ਸਨਮਾਨਿਤ ਕੀਤਾ। 10 ਜੂਨ 1957 ਨੂੰ ਅੰਮ੍ਰਿਤਸਰ ਵਿਖੇ ਉਨ੍ਹਾਂ ਦਾ ਦਿਹਾਂਤ ਹੋ ਗਿਆ।

ਡਾ. ਰਤਨ ਸਿੰਘ ਜੱਗੀ ਮੁਤਾਬਕ : "ਜੋ ਕੰਮ ਭਾਈ ਗੁਰਦਾਸ ਜੀ ਨੇ 17ਵੀਂ ਸਦੀ ਵਿੱਚ ਕੀਤਾ, ਉਹੀ ਭਾਈ ਵੀਰ ਸਿੰਘ ਨੇ 20 ਵੀਂ ਸਦੀ ਵਿੱਚ ਕੀਤਾ। ਸੱਚਮੁੱਚ ਭਾਈ ਵੀਰ ਸਿੰਘ ਭਾਈ ਗੁਰਦਾਸ ਦੇ ਆਧੁਨਿਕ ਸੰਸਕਰਨ ਹਨ। ਉਨ੍ਹਾਂ ਦੀ ਹਰ ਕਵਿਤਾ ਵਿੱਚ ਕਿਸੇ ਨਾ ਕਿਸੇ ਸਿੱਧਾਂਤ ਦੀ ਸਪਸ਼ਟ ਰੂਪ ਵਿੱਚ ਵਿਆਖਿਆ ਜ਼ਰੂਰ ਮਿਲ ਜਾਂਦੀ ਹੈ।

ਭਾਈ ਸਾਹਿਬ ਵੀ ਗੁਰਮਤਿ ਵਾਂਗ ਪਰਮਾਤਮਾ ਨੂੰ ਨਿਰੰਕੁਸ਼ ਮੰਨਦੇ ਹਨ। ਸਨਾਤਨ ਧਰਮ ਵਿੱਚ ਪਰਮ-ਸੱਤਾ ਨੂੰ ਤਿੰਨ ਇਕਾਈਆਂ ਵਿੱਚ ਵੰਡ ਕੇ ਵੇਖਣ ਦੀ ਪਰੰਪਰਾ ਹੈ। ਕੁਦਰਤ ਦੀ ਅਨੰਤਤਾ, ਵਿਵਿਧਤਾ ਅਤੇ ਰੂਪਾਤਮਕਤਾ ਨੂੰ ਵੇਖ ਕੇ ਵਿਅਕਤੀ ਦੇ ਮਨ ਵਿੱਚ ਵਿਸਮਾਦ ਆ ਜਾਂਦਾ ਹੈ। 'ਟੁਕੜੀ ਜਗ ਤੋਂ ਨਿਆਰੀ' ਵਿੱਚ ਪ੍ਰਕਿਰਤੀ ਨੂੰ ਪਰਮਾਤਮਾ ਦੇ ਆਪਣੇ ਹੱਥਾਂ ਦੀ ਬਣਾਈ ਹੋਈ ਸਿੱਧ ਕੀਤਾ ਹੈ। 'ਵੈਰੀ ਨਾਗ ਪਹਿਲਾ ਝਲਕਾ' ਵਿੱਚ ਕੁਦਰਤ ਚੋਂ ਕਾਦਰ ਲੱਭਣ ਦੀ ਪ੍ਰਕਿਰਿਆ ਨੂੰ ਪ੍ਰਸਤੁਤ ਕੀਤਾ ਗਿਆ ਹੈ :

ਵੈਰੀ ਨਾਗ! ਤੇਰਾ ਪਹਿਲਾ ਝਲਕਾ
ਜਦ ਅੱਖੀਆਂ ਵਿੱਚ ਵੱਜਦਾ,
ਕੁਦਰਤ ਦੇ 'ਕਾਦਰ' ਦਾ ਜਲਵਾ
ਲੈ ਲੈਂਦਾ ਇੱਕ ਸਿਜਦਾ।

ਅਧਿਆਤਮਕ ਕਵਿਤਾ ਦਾ ਪ੍ਰਧਾਨ ਵਿਸ਼ਾ ਇਹੀ ਰਿਹਾ ਹੈ ਕਿ ਪਰਮਾਤਮਾ ਨੇ ਜੀਵ ਨੂੰ ਇਸ ਲੋਕ ਵਿੱਚ ਆਪਣੇ ਹੁਕਮ ਅਨੁਸਾਰ ਭੇਜਿਆ ਹੈ ਅਤੇ ਜਦੋਂ ਉਸਦੀ ਇੱਛਾ ਹੁੰਦੀ ਹੈ ਉਹ ਕੁੱਲ ਜੀਵਾਂ ਨੂੰ ਆਪਣੇ ਕੋਲ ਬੁਲਾ ਸਕਦਾ ਹੈ। ਇਸ ਦ੍ਰਿਸ਼ਟੀ ਤੋਂ ਵੇਖਿਆਂ ਪਰਮਾਤਮਾ ਆਪ ਹੀ ਸਿਰਜਕ ਹੈ ਅਤੇ ਆਪ ਹੀ ਸੰਘਾਰਕ। ਪਰਮਾਤਮਾ ਦੀ ਇਸ ਲੀਲ੍ਹਾ ਦਾ ਨਿਰੂਪਣ ਭਾਈ ਸਾਹਿਬ ਨੇ ਹੇਠ ਲਿਖੀ ਕਵਿਤਾ ਵਿੱਚ ਸਪਸ਼ਟਤਾ ਨਾਲ ਕੀਤਾ ਹੈ :

ਘੱਲੇ, ਸੱਦੇ ਪਾਤਸ਼ਾਹ, ਏਥੇ ਓਥੇ ਆਪ,-
ਅਮਰ ਖੇਡ ਮੈਂ ਓਸਦੀ ਖੇਡ ਖਿਡਾਵੇ ਬਾਪ।

ਪਰਮਾਤਮਾ ਦਿਆਲੂ ਹੈ ਅਤੇ ਆਪਣੇ ਇਸੇ ਸੁਭਾਅ ਕਰਕੇ ਉਹ ਵਿਅਕਤੀ ਨੂੰ ਆਵਾਗਵਣ ਦੇ ਬੰਧਨਾਂ ਤੋਂ ਮੁਕਤ ਕਰ ਦਿੰਦਾ ਹੈ। ਇਸ ਵਿਚਾਰ ਦੀ ਵਿਆਖਿਆ ਕਰਦੇ ਹੋਏ ਭਾਈ ਸਾਹਿਬ ਲਿਖਦੇ ਹਨ :

ਤੂੰ ਸੱਤਾਰ ਗ਼ੁੱਫ਼ਾਰ ਹੇ ਰੱਬ ਸਾਈਂ!
'ਸਾਂ ਤੇ ਕਰਮ ਕਰੀਓ ਮਿਹਰ ਨਜ਼ਰ ਪਾਈਂ।

ਪਰਮਾਤਮਾ ਸਭ ਦੇ ਕੀਤੇ ਕਰਮਾਂ ਦਾ ਹਿਸਾਬ-ਕਿਤਾਬ ਰੱਖਦਾ ਹੈ। ਉਸਦੇ ਭਾਣੇ ਵਿੱਚ ਚੰਗੇ ਕਰਮ ਕਰਨ ਵਾਲ਼ੇ ਆਪਣੀ ਸੰਸਾਰ-ਯਾਤਰਾ ਸਫ਼ਲ ਕਰ ਜਾਂਦੇ ਹਨ ਤੇ ਬੁਰੇ ਕੰਮ ਕਰਨ ਵਾਲ਼ੇ ਆਵਾਗਵਣ ਦੇ ਬੰਧਨਾਂ ਵਿੱਚ ਭਟਕਦੇ ਰਹਿੰਦੇ ਹਨ। ਵਿਅਕਤੀ ਦੀ ਮਿਹਨਤ ਦਾ ਰਾਜ਼ ਇਸੇ ਵਿੱਚ ਛੁਪਿਆ ਹੋਇਆ ਹੈ ਕਿ ਉਹ ਪਰਮਾਤਮਾ ਦਾ ਨਾਂ ਜਪ ਕੇ ਆਪਣੇ ਸਮੇਂ ਨੂੰ ਸਕਾਰਥ ਬਣਾਵੇ :

ਹੋ! ਅਜੇ ਸੰਭਾਲ ਇਸ 'ਸਮੇਂ' ਨੂੰ
ਕਰ ਸਫਲ ਉਡੰਦਾ ਜਾਂਵਦਾ;
ਇਹ ਠਹਿਰਨ ਜਾਚ ਨ ਜਾਣਦਾ,
ਲੰਘ ਗਿਆ ਨ ਮੁੜ ਕੇ ਆਂਵਦਾ।

ਜੀਵਾਤਮਾ ਅਤੇ ਪਰਮਾਤਮਾ ਵਿੱਚ ਦੂਰੀ ਦਾ ਬੁਨਿਆਦੀ ਕਾਰਨ ਆਤਮਾ ਉੱਤੇ ਪਿਆ ਵਿਕਾਰਾਂ ਦਾ ਬੋਝ ਹੈ। ਭਾਈ ਸਾਹਿਬ ਨੇ ਸਪਸ਼ਟ ਰੂਪ ਵਿੱਚ ਇਨ੍ਹਾਂ ਵਿਕਾਰਾਂ ਦੀ ਆਲੋਚਨਾ ਨਹੀਂ ਕੀਤੀ ਪਰ ਅਪ੍ਰਤੱਖ ਰੂਪ ਵਿੱਚ ਉਹ ਨੀਵਾਂ ਹੋਣ, ਤ੍ਰਿਸ਼ਨਾ ਮਾਰਨ, ਅਭਿਮਾਨ ਦੀ ਸਮਾਪਤੀ ਆਦਿ ਨੈਤਿਕ ਮਾਨਤਾਵਾਂ ਦੀ ਵਿਆਖਿਆ ਕਰਦੇ ਰਹਿੰਦੇ ਹਨ। ਹਉਂ ਨੂੰ ਮਾਰਨਾ ਭਾਈ ਸਾਹਿਬ ਦੀਆਂ ਕਵਿਤਾਵਾਂ ਦਾ ਪ੍ਰਧਾਨ ਵਿਸ਼ਾ ਰਿਹਾ ਹੈ। 'ਰਉਂ ਰੁਖ਼' ਨਾਂ ਦੀ ਰੁਬਾਈ ਵਿੱਚ ਹਉਮੈ ਨੂੰ ਮਾਰਨ ਪ੍ਰਤੀ ਇੱਕ ਸੁੰਦਰ ਦ੍ਰਿਸ਼ਟਾਂਤ ਦੀ ਸਿਰਜਣਾ ਕੀਤੀ ਗਈ ਹੈ :

ਸਾਗਰ ਪੁੱਛਦਾ : 'ਨਦੀਏ! ਸਾਰੇ
ਬੂਟੇ ਬੂਟੀਆਂ ਲਿਆਵੇਂ,
ਪਰ ਨਾ ਕਦੀ ਬੈਂਤ ਦਾ ਬੂਟਾ
ਏਥੇ ਆਣ ਪੁਚਾਵੇਂ?'
ਨਦੀ ਆਖਦੀ : 'ਆਕੜ ਵਾਲੇ,
ਸਭ ਬੂਟੇ ਪਟ ਸੱਕਾਂ,
ਪਰ ਜੋ ਝੁਕੇ, ਵਗੇ ਰਉਂ ਰੁਖ਼ ਨੂੰ,
ਪੇਸ਼ ਨ ਉਸਤੇ ਜਾਵੇ।'

ਅਜਿਹੇ ਸੰਕਲਪਾਂ ਦੀ ਰੌਸ਼ਨੀ ਦੇ ਆਧਾਰ ਤੇ ਅਸੀਂ ਭਾਈ ਵੀਰ ਸਿੰਘ ਨੂੰ ਸਿੱਖ ਨਵ-ਰਹੱਸਵਾਦ ਦਾ ਕਵੀ ਕਹਿ ਸਕਦੇ ਹਾਂ। ਗੁਰਮਤਿ ਫ਼ਿਲਾਸਫ਼ੀ ਨੂੰ ਆਧੁਨਿਕ ਵਿਅਕਤੀ ਦੇ ਜੀਵਨ ਦਾ ਮੂਲ ਆਧਾਰ ਬਣਾਉਣ ਦੀ ਜੋ ਕੋਸ਼ਿਸ਼ ਭਾਈ ਸਾਹਿਬ ਨੇ ਕੀਤੀ ਹੈ, ਉਹ ਪ੍ਰਸ਼ੰਸਾਯੋਗ ਹੈ।